# ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ,ਪਟਿਆਲਾ

(Established by Act No.19 of 2019 of Legislature of the State of Punjab)

**ਕੰਟਰੋਲਰ (ਪ੍ਰੀਖਿਆਵਾਂ)**

---

Ref No./PSOU/COE/ 1719 Date: 3/6/26

## ਨੋਟਿਸ

**ਵਿਦਿਆਰਥੀਆਂ ਦੀਆਂ DMCs ਦੇ ਵੇਰਵਿਆਂ (ਨਾਮ, ਪਤਾ ਅਤੇ ਫੋਟੋ) ਦੀ ਦਰੁਸਤੀ ਸਬੰਧੀ**

ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ (LSCs) ਦੇ ਪ੍ਰਿੰਸੀਪਲ ਸਾਹਿਬਾਨ ਅਤੇ ਕੋਆਰਡੀਨੇਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਪੋਰਟਲ ਤੇ ਵਿਦਿਆਰਥੀਆਂ ਦੇ ਵੇਰਵੇ (ਜਿਵੇਂ ਕਿ ਨਾਮ, ਪਿਤਾ ਦਾ ਨਾਮ, ਮਾਤਾ ਦਾ ਨਾਮ, ਪਤਾ ਅਤੇ ਫੋਟੋ, ਆਦਿ) ਅਪਡੇਟ ਕਰਦੇ ਸਮੇਂ ਬਹੁਤ ਜ਼ਿਆਦਾ ਸਾਵਧਾਨੀ ਵਰਤੀ ਜਾਵੇ। ਵਿਦਿਆਰਥੀਆਂ ਦੇ ਸਬੰਧਤ ਰਿਕਾਰਡ ਵਿੱਚ ਗਲਤੀਆਂ ਹੋਣ ਕਾਰਨ LSCs ਵੱਲੋਂ ਪ੍ਰੀਖਿਆ ਸ਼ਾਖਾ ਨੂੰ ਦੁਬਾਰਾ ਡਿਟੇਲਡ ਮਾਰਕਸ ਕਾਰਡ (DMCs) ਜਾਰੀ ਕਰਨ ਸਬੰਧੀ ਬੇਨਤੀ ਕੀਤੀ ਜਾਂਦੀ ਹੈ।

ਇਹ ਦੇਖਣ ਵਿੱਚ ਆਇਆ ਹੈ ਕਿ ਕਾਲਜਾਂ ਵੱਲੋਂ ਡੇਟਾ ਐਂਟਰੀ/ਅਪਡੇਟ ਕਰਨ ਵੇਲੇ ਕੀਤੀਆਂ ਜਾਂਦੀਆਂ ਗਲਤੀਆਂ ਕਾਰਨ ਡਿਟੇਲਡ ਮਾਰਕਸ ਕਾਰਡ (DMCs) ਨੂੰ ਵਾਰ-ਵਾਰ ਦਰੁਸਤ ਕਰਨਾ ਪੈਂਦਾ ਹੈ ਜਿਸ ਨਾਲ ਵਿਦਿਆਰਥੀਆਂ ਦਾ ਕੀਮਤੀ ਸਮਾਂ ਵੀ ਖ਼ਰਾਬ ਹੁੰਦਾ ਹੈ।

- ਯੂਨੀਵਰਸਿਟੀ ਦੇ ਪੋਰਟਲ 'ਤੇ ਵਿਦਿਆਰਥੀਆਂ ਸਬੰਧੀ ਡੇਟਾ ਫਾਈਨਲ ਸਬਮਿਟ ਕਰਨ ਤੋਂ ਪਹਿਲਾਂ ਹਰੇਕ ਸਪੈਲਿੰਗ ਅਤੇ ਵੇਰਵੇ ਦੀ ਚੰਗੀ ਤਰ੍ਹਾਂ ਪੜਤਾਲ (double-check) ਕਰ ਲਈ ਜਾਵੇ।
- ਇਹ ਯਕੀਨੀ ਬਣਾਇਆ ਜਾਵੇ ਕਿ ਜੋ ਡੇਟਾ ਇੱਕ ਵਾਰ ਅਪਡੇਟ ਕੀਤਾ ਜਾ ਰਿਹਾ ਹੈ, ਉਹ ਬਿਲਕੁਲ ਸਹੀ ਹੋਵੇ ਤਾਂ ਜੋ DMC ਨੂੰ ਵਾਰ-ਵਾਰ ਦਰੁਸਤ ਕਰਨ ਦੀ ਲੋੜ ਨਾ ਪਵੇ।

ਇਸ ਕੰਮ ਨੂੰ ਅਤਿ-ਜ਼ਰੂਰੀ ਸਮਝਦੇ ਹੋਏ ਤੁਰੰਤ ਅਮਲ ਵਿੱਚ ਲਿਆਂਦਾ ਜਾਵੇ ਤਾਂ ਜੋ ਭਵਿੱਖ ਵਿੱਚ ਸਾਰੇ ਵਿਦਿਆਰਥੀਆਂ ਨੂੰ ਬਿਲਕੁਲ ਸਹੀ DMC ਜਾਰੀ ਕੀਤੇ ਜਾ ਸਕਣ।

3/6/26

ਕੰਟਰੋਲਰ ਪ੍ਰੀਖਿਆਵਾਂ

AK

**ਉਤਾਰਾ:**

1. ਸਮੂਹ ਪ੍ਰਿੰਸੀਪਲ ਸਾਹਿਬਾਨ/ਕੋਰਡੀਨੇਟਰ (LSC)
2. Director (LSC)
3. DEO- ਸਬੰਧਤ ਨੂੰ ਈ-ਮੇਲ ਰਾਂਹੀ ਸੂਚਿਤ ਕਰਨ ਸਬੰਧੀ।